ਪ੍ਰੋ. ਪਵਨਦੀਪ ਕੌਰ
ਪੰਜਾਬੀ ਵਿਭਾਗ

# ਵਿਆਕਰਨਕ ਸ਼੍ਰੇਣੀਆਂ

- ਵਚਨ
- ਲਿੰਗ
- ਪੁਰਖ
- ਕਾਲ
- ਪੱਖ
- ਵਾਚ
- ਮਨੋਦਸ਼ਾ
- ਕਾਰਕ

ਵਿਆਕਰਨਕ ਇਕਾਈਆਂ ਬਾਰੇ ਜਾਣਨ ਤੋਂ ਪਹਿਲਾ ਵਿਆਕਰਨ ਕੀ ਹੈ?ਇਸ ਬਾਰੇ ਵਿਸਥਾਰ ਸਹਿਤ ਜਾਣਨਾ ਜ਼ਰੂਰੀ ਹੈ।

- ਹਰੇਕ ਭਾਸ਼ਾ ਦਾ ਆਪਣਾ ਨਿਵੇਕਲਾ ਵਿਆਕਰਣ ਹੁੰਦਾ ਹੈ।
- ਵਿਆਕਰਨ ਰਾਹੀਂ ਭਾਸ਼ਾ ਦਾ ਸਰੂਪ ਸਮਝਿਆ ਜਾਂਦਾ ਹੈ।
- ਭਾਸ਼ਾਈ ਸੰਚਾਰ ਵਿਚ ਸ਼ਾਮਿਲ ਤੱਤਾਂ ਬਾਰੇ ਜਾਣਕਾਰੀ ਮਿਲਦੀ ਹੈ।
- ਭਾਸ਼ਾਈ ਤੱਤਾਂ ਦੇ ਆਪਸੀ ਸੰਬੰਧਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।
- ਭਾਸ਼ਾਈ ਨਿਯਮਾਂ ਦੀ ਪੜਚੋਲ ਅਤੇ ਵਿਆਖਿਆ ਕੀਤੀ ਜਾਂਦੀ ਹੈ।

- ਵਚਨ

1. ਵਚਨ ਇਕ ਵਿਆਕਰਨਕ ਇਕਾਈ ਹੈ।
2. ਵਚਨ ਦਾ ਸੰਬੰਧ ਨਾਂਵ ਸ਼ਬਦਾਂ ਦੀ ਗਿਣਤੀ ਪੱਖ ਨਾਲ ਹੈ।
3. ਪੰਜਾਬੀ ਵਿਚ ਗਿਣਤੀ ਦੇ ਆਧਾਰ ‘ਤੇ ਵਚਨ ਦੋ ਪ੍ਰਕਾਰ ਦੇ ਹੁੰਦੇ ਹਨ:

   ਇਕ ਵਚਨ

   ਬਹੁ ਵਚਨ

ਇਕ ਵਚਨ :

ਨਾਂਵ ਦੇ ਜਿਸ ਰੂਪ ਤੋਂ ਇਕੱਲੀ ਵਸਤੂ , ਵਿਅਕਤੀ, ਜੀਵ ਆਦਿ ਦਾ ਗਿਆਨ ਹੋਵੇ ਉਸ ਨੂੰ 'ਇਕ ਵਚਨ' ਕਹਿੰਦੇ ਹਨ।

ਜਿਵੇਂ: ਕੁੜੀ , ਮੁੰਡਾ, ਸੱਪ , ਸੋਟਾ ਆਦਿ

- ਬਹੁ ਵਚਨ :

ਇਕ ਤੋਂ ਵਧੇਰੇ ਵਸਤੂਆਂ, ਵਿਅਕਤੀਆਂ , ਅਤੇ ਜੀਵਾਂ ਦਾ ਗਿਆਨ ਕਰਵਾਉਣ ਵਾਲੇ ਸ਼ਬਦਾਂ ਨੂੰ ‘ਬਹੁ ਵਚਨ’ ਕਿਹਾ ਜਾਂਦਾ ਹੈ।

ਜਿਵੇਂ : ਕੁੜੀਆਂ , ਮੁੰਡੇ , ਸੱਪਾਂ , ਸੋਟੇ ਆਦਿ

- ਵਚਨ ਦਾ ਸੰਬੰਧ ਭਾਸ਼ਾਈ ਮੁਹਾਵਰੇ ਨਾਲ ਵੀ ਹੁੰਦਾ ਹੈ ਜਿਵੇਂ : ਪੰਜਾਬੀ ਭਾਸ਼ਾ ਵਿਚ ਇਕੱਠ ਵਾਚਕ ਨਾਂਵ ਭੀੜ , ਵੱਗ , ਇੱਜੜ , ਡਾਕ, ਟੱਬਰ ਆਦਿ ਇਕ ਵਚਨੀ ਨਾਂਵ ਸ਼ਬਦ ਹਨ।
- ਕੁਝ ਅਜਿਹੇ ਨਾਂਵ ਸ਼ਬਦ ਵੀ ਹਨ, ਜੋ ਕੇਵਲ ਬਹੁਵਚਨ ਹੀ ਰਹਿੰਦੇ ਹਨ। ਜਿਵੇਂ : ਲੋਕ , ਦੁਨੀਆਂ , ਦਸਤਖਤ , ਅੱਥਰੂ ਆਦਿ

- ਕਈ ਹਾਲਾਤਾਂ ਵਿਚ ਅਜਿਹੇ ਨਾਂਵ ਸ਼ਬਦਾਂ ਦਾ ਵੀ ਬਹੁਵਚਨ ਵਰਤਿਆ ਜਾਂਦਾ ਹੈ, ਜੋ ਗਿਣਨਯੋਗ ਵਸਤਾਂ ਦੇ ਨਾਂਵ ਨਹੀਂ। ਜਿਵੇਂ : ਧੁੱਪਾਂ , ਨਵਾਵਾਂ , ਮੀਹਾਂ ਆਦਿ
- ਪੰਜਾਬੀ ਵਿਚ ਕਈ ਥਾਵਾਂ ‘ਤੇ ਆਦਰ ਦਰਸਾਉਣ ਲਈ ਇਕ ਵਚਨ ਨਾਂਵ ਨਾਲ ਕਿਰਿਆ ਦਾ ਬਹੁਵਚਨੀ ਰੂਪ ਵਰਤਿਆ ਜਾਂਦਾ ਹੈ। ਜਿਵੇਂ :

  ਮਾਸਟਰ ਜੀ ਆ ਗਏ ਹਨ।

  ਮੰਤਰੀ ਸਾਹਿਬ ਭਾਸ਼ਣ ਦੇਣਗੇ।

- ਲਿੰਗ

ਲਿੰਗ ਇਕ ਵਿਆਕਰਨਕ ਸ਼੍ਰੇਣੀ ਹੈ।

ਨਰ ਅਤੇ ਮਾਦਾ ਦੇ ਭੇਦ ਨੂੰ ਵਿਆਕਰਨ ਵਿਚ ਲਿੰਗ ਭੇਦ ਕਿਹਾ ਜਾਂਦਾ ਹੈ।

ਦੋ ਤਰ੍ਹਾਂ ਦੇ ਲਿੰਗ ਹੁੰਦੇ ਹਨ:

ਪੁਲਿੰਗ

ਇਸਤਰੀ ਲਿੰਗ

- ਪੰਜਾਬੀ ਵਿਚ ਬਹੁਤੇ /ਅ/ ਅੰਤਕ ਵਾਲੇ ਸ਼ਬਦ ਪੁਲਿੰਗ ਨਾਲ ਸੰਬੰਧ ਰੱਖਦੇ ਹਨ।
- /ਈ/ ਅੰਤਕ ਸ਼ਬਦ ਇਸਤਰੀ ਲਿੰਗ ਨਾਲ ਸੰਬੰਧ ਰੱਖਦੇ ਹਨ।
- ਜਿਵੇਂ :1.ਉਹ ਲਿਖਦਾ ਹੈ।

  2. ਉਹ ਲਿਖਦੀ ਹੈ।

- ਕਾਰਕ

ਕਾਰਕ ਇਕ ਵਿਆਕਰਨਕ ਸ਼੍ਰੇਣੀ ਹੈ।

ਨਾਂਵ ਅਤੇ ਨਾਂਵ ਵਾਕੰਸ਼ ਅਤੇ ਕਿਰਿਆ ਅਤੇ ਕਿਰਿਆ ਵਾਕੰਸ਼ ਦੇ ਆਪਸੀ ਸੰਬੰਧਾਂ ਨੂੰ ‘ਕਾਰਕ ਕਿਹਾ ਜਾਂਦਾ ਹੈ।

- ਕਾਰਕ ਦੀਆਂ ਕਿਸਮਾਂ :
- ਕਰਤਾ ਕਾਰਕ
- ਕਰਮ ਕਾਰਕ
- ਕਰਨ ਕਾਰਕ
- ਅਪਾਦਾਨ ਕਾਰਕ
- ਸੰਪਰਦਾਨ ਕਾਰਕ
- ਅਧਿਕਰਨ ਕਾਰਕ

# ਕਰਤਾ ਕਾਰਕ

- ਪੰਜਾਬੀ ਵਾਕ ਬਣਤਰ ਵਿਚ ਜਿਹੜਾ ਨਾਂਵ ਕਿਰਿਆ ਕਰਨ ਵਾਲੇ ਦੀ ਜਾਣਕਾਰੀ ਦੇਵੇ,ਉਸ ਨੂੰ ਕਰਤਾ ਕਾਰਕ ਕਿਹਾ ਜਾਂਦਾ ਹੈ । ਜਿਵੇਂ :

  ਦਾਦੀ ਕਹਾਣੀ ਸੁਣਾਉਦੀ ਹੈ।

ਵਾਕ ਵਿਚ ਦਾਦੀ ਸ਼ਬਦ ਕਰਤਾ ਕਾਰਕ ਹੈ।

# ਕਰਮ ਕਾਰਕ

- ਵਾਕ ਵਿਚ ਜਿਸ ਉਪਰ ਕਿਰਿਆ ਵਾਪਰਦੀ ਹੈ, ਉਸ ਨੂੰ ਕਰਮ ਕਾਰਕ ਕਿਹਾ ਜਾਂਦਾ ਹੈ। ਜਿਵੇਂ :

ਰਾਧਾ ਸਬਜ਼ੀ ਬਣਾਵੇਗੀ।

ਵਾਕ ਵਿਚ ਸਬਜ਼ੀ ਸ਼ਬਦ ਕਰਮ ਕਾਰਕ ਹੈ।

# ਕਰਨ ਕਾਰਕ

- ਜਿਹੜਾ ਸ਼ਬਦ ਵਾਕ ਵਿਚ ਕਾਰਜ / ਕਿਰਿਆ ਦੇ ਹੋਣ ਜਾਂ ਵਾਪਰਨ ਦੇ ਸਾਧਨ ਨੂੰ ਪ੍ਰਗਟ ਕਰਦਾ ਹੈ , ਉਸ ਨੂੰ ਕਰਨ ਕਾਰਕ ਕਹਿੰਦੇ ਹਨ। ਜਿਵੇਂ :

ਗੀਤਾ ਨੇ ਦਾਤ ਨਾਲ ਸਾਗ ਚੀਰਿਆ।

ਵਾਕ ਵਿਚ ਦਾਤ ਸ਼ਬਦ ਕਰਨ ਕਾਰਕ ਹੈ।

# ਅਪਾਦਾਨ ਕਾਰਕ

- ਜਿਹੜੇ ਸ਼ਬਦ ਕਿਸੇ ਸਥਾਨ , ਵਸਤੂ ਜਾਂ ਕਾਰਜ ਤੋਂ ਅਲੱਗ ਹੋਣ ਦਾ ਸੰਕੇਤ ਜਾਂ ਸੂਚਨਾ ਦਿੰਦੇ ਹਨ, ਉਹਨਾਂ ਨੂੰ ਅਪਾਦਾਨ ਕਾਰਕ ਕਿਹਾ ਜਾਂਦਾ ਹੈ। ਜਿਵੇਂ :

ਜਗਜੀਤ ਘਰ ਤੋਂ ਰਵਾਨਾ ਹੋ ਗਿਆ ਹੈ।

ਵਾਕ ਵਿਚ ਸ਼ਬਦ ਘਰ ਤੋਂ ਅਪਾਦਾਨ ਕਾਰਕ ਹੈ।

# ਸੰਪਰਦਾਨ ਕਾਰਕ

- ਜਿਹੜੇ ਸ਼ਬਦ ਕਿਸੇ ਸਥਾਨ ਵਸਤੂ ਜਾਂ ਕਾਰਜ ਨਾਲ ਜੁੜਨ ਦਾ ਸੰਕੇਤ ਜਾਂ ਸੂਚਨਾ ਦਿੰਦੇ ਹਨ, ਉਹਨਾਂ ਨੂੰ ਸੰਪਰਦਾਨ ਕਿਹਾ ਜਾਂਦਾ ਹੈ । ਜਿਵੇਂ :

  ਮਾਂ ਨੇ ਬੱਚੇ ਨੂੰ ਰੋਟੀ ਖਵਾਈ।

ਵਾਕ ਵਿਚ ‘ਬੱਚੇ ਨੂੰ’ ਸ਼ਬਦ ਸੰਪਰਦਾਨ ਕਾਰਕ ਹੈ।

# ਅਧਿਕਰਨ ਕਾਰਕ

- ਜਿਹੜੇ ਸ਼ਬਦ ਵਾਕ ਬਣਤਰ ਵਿਚ ਵਿਚਰਦੇ ਕਰਤਾ, ਨਾਂਵ ਜਾਂ ਕਰਮ ਨਾਂਵ ਦੀ ਕਿਰਿਆ ਦੇ ਸਥਿਤੀ ਨੂੰ ਪੇਸ਼ ਕਰਦੇ ਹਨ, ਓਹਨਾਂ ਨੂੰ ਅਧਿਕਰਨ ਕਾਰਕ ਕਿਹਾ ਜਾਂਦਾ ਹੈ। ਜਿਵੇਂ :

ਕਣਕ ਕਮਰੇ ਵਿਚ ਇਕੱਠੀ ਕਰ ਲਈ ਹੈ।

ਵਾਕ ਵਿਚ ਸ਼ਬਦ ‘ਕਮਰੇ ਵਿਚ’ ਅਧਿਕਏਨ ਕਾਰਕ ਹੈ।

# ਨਿਸ਼ਕਰਸ਼

- ਇਸ ਤਰ੍ਹਾਂ ਕਾਰਕੀ ਸੰਬੰਧਾਂ ਦੇ ਆਧਾਰ ਉੱਤੇ ਛੇ ਕਾਰਕਾਂ –ਕਰਤਾ,ਕਰਮ,ਕਰਨ,ਅਪਾਦਾਨ,ਸੰਪਰਦਾਨ ਅਤੇ ਅਧਿਕਰਨ ਦੀ ਹੋਂਦ ਸਾਕਾਰ ਹੁੰਦੀ ਹੈ।